


# ਤੁਸੀਂ ਆਪਣੇ ਭਾਈਚਾਰਿਆਂ ਨੂੰ ਪਰਿਭਾਸ਼ਿਤ ਕਰਦੇ ਹੋ

ਹਰ 10 ਸਾਲ ਵਿੱਚ ਇੱਕ ਵਾਰ, ਯੂ.ਐੱਸ. ਦੀ ਜਨ-ਗਣਨਾ ਤੋਂ ਬਾਅਦ, ਕੈਲੀਫ਼ੋਰਨੀਆ ਲਈ ਆਪਣੇ ਕਾਂਗਰੈਸ਼ਨਲ, ਰਾਜ ਦੀ ਸੈਨੇਟ, ਰਾਜ ਦੀ ਵਿਧਾਨ ਸਭਾ, ਅਤੇ ਇਕਵਲਾਈਜ਼ੇਸ਼ਨ ਡਿਸਟ੍ਰਿਕਟਾਂ ਦੇ ਰਾਜ ਬੋਰਡ ਦੀਆਂ ਸੀਮਾਵਾਂ ਨੂੰ ਮੁੜ ਤੋਂ ਉਲੀਕਣਾ ਲਾਜ਼ਮੀ ਹੈ, ਤਾਂਕਿ ਨਵੇਂ ਜਨ-ਸੰਖਿਆ ਡਾਟੇ ਨੂੰ ਦਰਸਾਇਆ ਜਾ ਸਕੇ। ਵੋਟਰਜ਼ ਫਸਟ ਐਕਟ (ਮਤਦਾਤਾ ਸਭ ਤੋਂ ਪਹਿਲੇ ਅਧਿਨਿਯਮ) ਨੇ ਇਹ ਅਧਿਕਾਰ ਕੈਲੀਫ਼ੋਰਨੀਆ ਦੇ ਨਿਵਾਸੀਆਂ ਨੂੰ ਦਿੱਤਾ, ਜਿਸ ਨਾਲ ਇਹ ਸੁਨਿਸ਼ਚਿਤ ਕੀਤਾ ਗਿਆ ਕਿ ਨਵੇਂ ਅਤੇ ਸਹੀ ਡਿਸਟ੍ਰਿਕਟਾਂ ਨੂੰ ਕਿਸੇ ਖਾਸ ਹਿੱਤਾਂ, ਰਾਜਨੀਤੀ, ਜਾਂ ਰਾਜਨੀਤਿਕ ਪ੍ਰਭਾਵ ਦੀ ਦਖਲਅੰਦਾਜ਼ੀ ਤੋਂ ਬਿਨਾਂ ਉਲੀਕਿਆ ਜਾਵੇ।

ਕੈਲੀਫ਼ੋਰਨੀਆ ਨਾਗਰਿਕ ਮੁੜ-ਵਿਭਾਜਨ ਕਮਿਸ਼ਨ ਵੱਲੋਂ ਜਨਤਕ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ ਅਤੇ ਜਨਤਕ ਟਿੱਪਣੀਆਂ ਨੂੰ ਸਵੀਕਾਰ ਕੀਤਾ ਜਾਵੇਗਾ। ਇਹ ਤੁਹਾਡੇ ਲਈ ਸਹੀ ਅਤੇ ਪਾਰਦਰਸ਼ੀ ਡਿਸਟ੍ਰਿਕਟ ਸੀਮਾਵਾਂ ਸਿਰਜਣ ਦਾ ਇੱਕ ਮੌਕਾ ਹੈ ਜਿਸ ਵਿੱਚ ਕੈਲੀਫ਼ੋਰਨੀਆ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਿਆ ਜਾਵੇਗਾ। 2021 ਵਿੱਚ, ਕਮਿਸ਼ਨ ਵੱਲੋਂ ਡਿਸਟ੍ਰਿਕਟ ਦੇ ਨਕਸ਼ਿਆਂ ਨੂੰ ਵਿਕਸਿਤ ਕਰਨ ਅਤੇ ਮਨਜ਼ੂਰ ਕਰਨ ਲਈ ਕੰਮ ਕੀਤਾ ਜਾਵੇਗਾ ਅਤੇ ਫਿਰ ਅੰਤਿਮ ਨਕਸ਼ਿਆਂ ਨੂੰ ਕੈਲੀਫ਼ੋਰਨੀਆ ਸੈਕਰੇਟਰੀ ਆਫ਼ ਸਟੇਟ ਨੂੰ ਪ੍ਰਮਾਣਿਤ ਕੀਤਾ ਜਾਵੇਗਾ।

## ਸ਼ਾਮਲ ਹੋਣ ਦੇ ਤਰੀਕੇ

**ਕਿਸੇ ਜਨਤਕ ਮੀਟਿੰਗ ਦੌਰਾਨ:**
2021 ਦੀ ਬਸੰਤ ਅਤੇ ਗਰਮੀ ਦੀ ਰੁੱਤ ਦੌਰਾਨ, ਕਮਿਸ਼ਨ ਵੱਲੋਂ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ, ਜਿੱਥੇ ਤੁਸੀਂ ਮੀਟਿੰਗ ਦੌਰਾਨ ਫ਼ੋਨ ਰਾਹੀਂ ਜਾਂ ਮੀਟਿੰਗ ਤੋਂ ਪਹਿਲਾਂ ਇਲੈਕਟ੍ਰਾਨਿਕ ਤੌਰ 'ਤੇ ਆਪਣੀ ਇਨਪੁੱਟ ਦੇ ਸਕਦੇ ਹੋ। ਤੁਸੀਂ ਹੇਠਾਂ ਦਿੱਤੀ ਸਾਡੀ ਵੈੱਬਸਾਈਟ 'ਤੇ ਜਾ ਕੇ ਆਗਾਮੀ ਭਾਈਚਾਰਕ ਮੀਟਿੰਗਾਂ ਬਾਰੇ ਹੋਰ ਜਾਣ ਸਕਦੇ ਹੋ: www.WeDrawTheLinesCA.org.

**ਇਲੈਕਟ੍ਰਾਨਿਕ ਤੌਰ 'ਤੇ:**
ਤੁਸੀਂ ਹੇਠਾਂ ਦਿੱਤੇ ਈਮੇਲ ਪਤੇ 'ਤੇ ਈਮੇਲ ਕਰਕੇ ਸਾਡੀ ਵੈੱਬਸਾਈਟ ਰਾਹੀਂ ਵੀ ਕਮਿਸ਼ਨ ਨੂੰ ਆਪਣੀ ਇਨਪੁੱਟ ਦੇ ਸਕਦੇ ਹੋ: VotersFirstAct@crc.ca.gov ਜਾਂ "ਮੇਰੇ ਭਾਈਚਾਰੇ ਨੂੰ ਉਲੀਕੋ" ਟੂਲ ਰਾਹੀਂ ਆਪਣਾ ਨਕਸ਼ਾ ਬਣਾ ਕੇ ਅਤੇ ਹੇਠਾਂ ਵੈੱਬਸਾਈਟ 'ਤੇ ਜਾ ਕੇ ਕਮਿਸ਼ਨ ਨੂੰ ਸਪੁਰਦ ਵੀ ਕਰ ਸਕਦੇ ਹੋ: DrawMyCACommunity.org.

**ਲਿਖਤ ਵਿੱਚ:**
ਤੁਸੀਂ ਆਪਣੇ ਕਾਗਜ਼ੀ ਦਸਤਾਵੇਜ਼ਾਂ ਨੂੰ ਹੇਠਾਂ ਲਿਖੇ ਪਤੇ 'ਤੇ ਡਾਕ ਰਾਹੀਂ ਭੇਜ ਸਕਦੇ ਹੋ:
California Citizens Redistricting Commission, 721 Capitol Mall, Suite 260, Sacramento, CA 95814

**ਅਸੀਂ ਤੁਹਾਨੂੰ ਪੇਰਿਤ ਕਰਦੇ ਹਾਂ ਕਿ ਤੁਸੀਂ ਅੱਪਡੇਟਾਂ ਲਈ ਸਾਡੀ ਵੈੱਬਸਾਈਟ ਅਤੇ ਸੋਸ਼ਲ ਮੀਡੀਆ ਚੈਨਲਾਂ ਨੰ ਨਿਯਮਿਤ ਰਪ ਵਿੱਚ ਦੇਖੋ।**

California Citizens Redistricting Commission
721 Capitol Mall, Suite 260, Sacramento, CA 95814
(916) 323-0323 -- WeDrawTheLinesCA.org
@WeDrawTheLinesCA